# ਪੰਜਾਬੀ / PUNJABI

( ਲਾਜ਼ਮੀ ) / ( Compulsory )

| | |
|---|---|
| ਨਿਰਧਾਰਿਤ ਸਮਾਂ : ਤਿੰਨ ਘੰਟੇ | ਕੁੱਲ ਅੰਕ : 300 |
| Time Allowed : **Three Hours** | Maximum Marks : **300** |

## ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ, ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।*

*ਹਰ ਪ੍ਰਸ਼ਨ ਦੇ ਅੰਕ, ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।*

*ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ ਤਾਂ ਉਸ ਦਾ ਉੱਤਰ, **ਪੰਜਾਬੀ (ਗੁਰਮੁਖੀ ਲਿਪੀ)** ਵਿੱਚ ਹੀ ਲਿਖੋ ।*

*ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ, ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ, ਤਾਂ ਅੰਕ ਕੱਟੇ ਜਾ ਸਕਦੇ ਹਨ ।*

*ਉੱਤਰ-ਕਾਪੀ ਦੇ ਖ਼ਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।*

## Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question / part is indicated against it.*

*Answers must be written in **PUNJABI (Gurumukhi script)** unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer Booklet must be clearly struck off.*

**Q1. ਹੇਠ ਲਿਖਿਆਂ ਵਿੱਚੋਂ ਕਿਸੇ *ਇੱਕ* ਬਾਰੇ 600 ਸ਼ਬਦਾਂ ਦਾ ਨਿਬੰਧ ਲਿਖੋ :** ***100***

(a) ਨਵਿਆਉਣਯੋਗ ਊਰਜਾ : ਸੰਭਾਵਨਾਵਾਂ ਅਤੇ ਚੁਣੌਤੀਆਂ

(b) ਸੰਚਾਰ-ਕ੍ਰਾਂਤੀ ਦਾ ਮਹੱਤਵ

(c) ਖੇਡਾਂ ਦਾ ਵੱਧ ਰਿਹਾ ਵਪਾਰੀਕਰਨ

(d) ਖਾਣ-ਪੀਣ ਦਾ ਸਿਹਤ ਉੱਪਰ ਪ੍ਰਭਾਵ

**Q2. ਹੇਠ ਲਿਖੇ ਵਾਰਤਕ-ਟੋਟੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਦੇ ਆਧਾਰ 'ਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਸਪੱਸ਼ਟ, ਸਹੀ ਅਤੇ ਸੰਖੇਪ ਭਾਸ਼ਾ ਵਿੱਚ ਦਿਉ :** ***12×5=60***

ਬਸਤੀਵਾਦੀ ਸ਼ਾਸਨ ਬਹੁਤ ਸਾਰੇ ਅੰਕੜਿਆਂ ਅਤੇ ਸੂਚਨਾਵਾਂ ਦੇ ਸੰਗ੍ਰਹਿ ਉੱਪਰ ਆਧਾਰਤ ਸੀ। ਅੰਗਰੇਜ਼ਾਂ ਨੇ ਆਪਣੇ ਵਣਜ ਸਬੰਧੀ ਮਾਮਲਿਆਂ ਨੂੰ ਚਲਾਉਣ ਦੇ ਲਈ, ਵਪਾਰਕ ਗਤੀਵਿਧੀਆਂ ਦਾ ਵਿਸਤ੍ਰਿਤ ਬਿਓਰਾ ਰੱਖਿਆ ਹੋਇਆ ਸੀ । ਵਿਕਾਸ ਕਰ ਰਹੇ ਸ਼ਹਿਰਾਂ ਵਿੱਚ ਜੀਵਨ ਦੀ ਗਤੀ ਅਤੇ ਦਿਸ਼ਾ ਉੱਪਰ ਨਜ਼ਰ ਰੱਖਣ ਲਈ ਉਹ ਨਿਯਮਤ ਰੂਪ ਵਿੱਚ ਸਰਵੇਖਣ ਕਰਦੇ ਸਨ, ਸਾਂਖਿਅਕੀ ਅੰਕੜੇ ਇਕੱਠੇ ਕਰਦੇ ਸਨ ਅਤੇ ਤਰ੍ਹਾਂ-ਤਰ੍ਹਾਂ ਦੀਆਂ ਸਰਕਾਰੀ ਰਿਪੋਰਟਾਂ ਪ੍ਰਕਾਸ਼ਿਤ ਕਰਦੇ ਸਨ ।

ਆਪਣੇ ਸ਼ੁਰੂਆਤੀ ਵਰ੍ਹਿਆ ਤੋਂ ਹੀ ਬਸਤੀਵਾਦੀ ਸਰਕਾਰ ਨੇ ਨਕਸ਼ੇ ਤਿਆਰ ਕਰਨ ਉੱਤੇ ਵਿਸ਼ੇਸ਼ ਧਿਆਨ ਦਿੱਤਾ । ਸਰਕਾਰ ਦਾ ਮੰਨਣਾ ਸੀ ਕਿ ਕਿਸੇ ਥਾਂ ਦੀ ਬਣਾਵਟ ਅਤੇ ਉੱਥੋਂ ਦੇ ਭੂਗੋਲਿਕ-ਦ੍ਰਿਸ਼ ਨੂੰ ਸਮਝਣ ਦੇ ਲਈ ਨਕਸ਼ੇ ਜ਼ਰੂਰੀ ਹੁੰਦੇ ਹਨ । ਇਸ ਜਾਣਕਾਰੀ ਦੇ ਆਧਾਰ 'ਤੇ ਉਹ ਸਬੰਧਿਤ ਇਲਾਕੇ ਉੱਪਰ ਜ਼ਿਆਦਾ ਬਿਹਤਰ ਨਿਯੰਤਰਣ ਕਾਇਮ ਕਰ ਸਕਦੇ ਸਨ । ਜਦੋਂ ਸ਼ਹਿਰ ਵਿਕਾਸ ਕਰਨ ਲੱਗੇ ਤਾਂ ਨਾ ਕੇਵਲ ਉਹਨਾਂ ਦੇ ਵਿਕਾਸ ਦੀ ਯੋਜਨਾ ਤਿਆਰ ਕਰਨ ਲਈ, ਸਗੋਂ ਵਣਜ-ਵਿਕਾਸ ਅਤੇ ਆਪਣੀ ਸੱਤਾ ਮਜ਼ਬੂਤ ਕਰਨ ਲਈ ਵੀ ਨਕਸ਼ੇ ਬਣਾਏ ਜਾਣ ਲੱਗੇ । ਸ਼ਹਿਰਾਂ ਦੇ ਨਕਸ਼ਿਆਂ ਤੋਂ ਹੀ ਸਾਨੂੰ ਉਸ ਸਥਾਨ ਦੇ ਪਹਾੜਾਂ, ਨਦੀਆਂ ਅਤੇ ਹਰਿਆਲੀ ਦਾ ਪਤਾ ਚੱਲਦਾ ਹੈ । ਇਹ ਸਾਰੀਆਂ ਚੀਜ਼ਾਂ ਰੱਖਿਆ ਸਬੰਧੀ ਉਦੇਸ਼ਾਂ ਲਈ ਯੋਜਨਾ ਤਿਆਰ ਕਰਨ ਲਈ ਕਾਰਗਰ ਸਾਬਿਤ ਹੁੰਦੀਆਂ ਹਨ । ਇਸ ਤੋਂ ਇਲਾਵਾ ਘਾਟਾ ਦੀ ਥਾਂ 'ਤੇ, ਮਕਾਨਾਂ ਦੀ ਸੰਘਣਤਾ ਤੇ ਗੁਣਵੱਤਾ ਅਤੇ ਸੜਕਾਂ ਦੀ ਸਥਿਤੀ ਆਦਿ ਤੋਂ, ਉਸ ਇਲਾਕੇ ਦੀਆਂ ਵਪਾਰਕ ਸੰਭਾਵਨਾਵਾਂ ਦਾ ਪਤਾ ਲਗਾਉਣ ਅਤੇ ਲਗਾਨ-ਵਿਵਸਥਾ ਦੀ ਰਣਨੀਤੀ ਬਣਾਉਣ ਵਿੱਚ ਮੱਦਦ ਮਿਲਦੀ ਹੈ ।

19ਵੀਂ ਸਦੀ ਦੇ ਅਖ਼ੀਰ ਵਿੱਚ ਅੰਗਰੇਜ਼ਾਂ ਨੇ ਨਗਰ ਪਾਲਿਕਾਵਾਂ ਦੀ ਸਲਾਨਾ ਕਰ-ਵਸੂਲੀ ਰਾਹੀਂ ਸ਼ਹਿਰਾਂ ਦੇ ਰੱਖ-ਰਖਾਓ ਲਈ ਪੈਸਾ ਇਕੱਠਾ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਸਨ । ਟਕਰਾਵਾਂ ਤੋਂ ਬਚਣ ਲਈ ਉਹਨਾਂ ਨੇ ਕੁਝ ਜ਼ਿੰਮੇਵਾਰੀਆਂ ਚੁਣੇ ਹੋਏ ਭਾਰਤੀ ਪ੍ਰਤੀਨਿਧੀਆਂ ਨੂੰ ਵੀ ਸੌਂਪੀਆਂ ਹੋਈਆਂ ਸਨ । ਅੰਸ਼ਿਕ ਲੋਕ-ਪ੍ਰਤਿਨਿਧਤਵ ਵਾਲੇ

ਨਗਰ-ਨਿਗਮਾਂ ਵਰਗੀਆਂ ਸੰਸਥਾਵਾਂ ਦਾ ਉਦੇਸ਼ ਸ਼ਹਿਰਾਂ ਵਿੱਚ ਜਲ-ਪੂਰਤੀ, ਨਿਕਾਸੀ, ਸੜਕ-ਨਿਰਮਾਣ ਅਤੇ ਸਿਹਤ-ਵਿਵਸਥਾ ਵਰਗੀਆਂ ਅਤਿ-ਜ਼ਰੂਰੀ ਸੇਵਾਵਾਂ ਉਪਲਬਧ ਕਰਾਉਣਾ ਸੀ । ਦੂਜੇ ਪਾਸੇ, ਨਗਰ-ਨਿਗਮਾਂ ਦੀਆਂ ਗਤੀਵਿਧੀਆਂ ਨਾਲ ਨਵੀਂ ਤਰ੍ਹਾਂ ਦੇ ਰਿਕਾਰਡ ਹੋਂਦ ਵਿੱਚ ਆਏ, ਜਿਹਨਾਂ ਨੂੰ ਨਗਰ ਪਾਲਿਕਾ ਰਿਕਾਰਡ ਰੂਮ ਵਿੱਚ ਸੰਭਾਲ ਕੇ ਰਖਿਆ ਜਾਣ ਲੱਗਾ ।

ਸ਼ਹਿਰਾਂ ਦੇ ਵਿਸਥਾਰ ਉੱਪਰ ਨਜ਼ਰ ਰੱਖਣ ਲਈ ਨਿਯਮਤ ਰੂਪ ਵਿੱਚ ਲੋਕਾਂ ਦੀ ਗਿਣਤੀ ਕੀਤੀ ਜਾਂਦੀ ਸੀ । 19ਵੀਂ ਸਦੀ ਦੇ ਮੱਧ ਤੱਕ ਵਿਭਿੰਨ ਖ਼ੇਤਰਾਂ ਵਿੱਚ ਕਈ ਥਾਵਾਂ 'ਤੇ ਸਥਾਨਕ ਪੱਧਰ ਉੱਤੇ ਜਨਗਣਨਾ ਕੀਤੀ ਜਾ ਚੁੱਕੀ ਸੀ । ਸਰਬ-ਭਾਰਤੀ ਜਨਗਣਨਾ ਦਾ ਪਹਿਲਾ ਯਤਨ 1872 ਵਿੱਚ ਕੀਤਾ ਗਿਆ । ਇਸ ਤੋਂ ਬਾਅਦ 1881 ਤੋਂ ਲੈ ਕੇ ਹਰ ਦਸ ਸਾਲ ਮਗਰੋਂ ਹੋਣ ਵਾਲੀ ਜਨਗਣਨਾ ਦੀ ਇੱਕ ਨਿਯਮਤ ਵਿਵਸਥਾ ਬਣ ਗਈ । ਭਾਰਤ ਵਿੱਚ ਹੋਏ ਸ਼ਹਿਰੀਕਰਨ ਦਾ ਅਧਿਐਨ ਕਰਨ ਲਈ ਜਨਗਣਨਾ ਤੋਂ ਪ੍ਰਾਪਤ ਅੰਕੜੇ ਬਹੁਮੁੱਲਾ ਸਰੋਤ ਹਨ ।

ਜਦੋਂ ਅਸੀਂ ਇਹਨਾਂ ਰਿਪੋਰਟਾਂ ਨੂੰ ਵੇਖਦੇ ਹਾਂ ਤਾਂ ਇੰਝ ਲੱਗਦਾ ਹੈ ਕਿ ਸਾਡੇ ਕੋਲ ਇਤਿਹਾਸਕ ਤਬਦੀਲੀਆਂ ਨੂੰ ਵੇਖਣ ਲਈ ਠੋਸ ਜਾਣਕਾਰੀ ਉਪਲਬਧ ਹੈ । ਬੀਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਤਹੀਣ ਸਿਲਸਿਲਾ, ਜਾਂ ਉਮਰ, ਲਿੰਗ, ਜਾਤ ਅਤੇ ਕਿੱਤੇ ਦੇ ਅਨੁਸਾਰ ਲੋਕਾਂ ਦੀ ਗਿਣਤੀ ਦੀ ਵਿਵਸਥਾ ਨਾਲ ਜੁੜੀਆਂ ਸੰਖਿਆਵਾਂ ਦਾ ਇੱਕ ਵਿਸ਼ਾਲ ਭੰਡਾਰ ਮਿਲਦਾ ਹੈ, ਜੋ ਠੋਸ ਜਾਣਕਾਰੀ ਦਾ ਭਰਮ ਪੈਦਾ ਕਰਦਾ ਹੈ । ਪਰ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਕਈ ਵਾਰ ਅਜਿਹੇ ਅੰਕੜੇ ਗੁਮਰਾਹਕੁੰਨ ਵੀ ਹੋ ਸਕਦੇ ਹਨ । ਇਹਨਾਂ ਅੰਕੜਿਆਂ ਦੀ ਵਰਤੋਂ ਕਰਨ ਤੋਂ ਪਹਿਲਾਂ ਸਾਨੂੰ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਅੰਕੜੇ ਕਿਸ ਨੇ ਇਕੱਠੇ ਕੀਤੇ ਹਨ, ਇਹ ਅੰਕੜੇ ਕਿਉਂ ਅਤੇ ਕਿਵੇਂ ਇਕੱਠੇ ਕੀਤੇ ਗਏ ਹਨ ? ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਅੰਕੜੇ ਤਿਆਰ ਕਰਨ ਸਮੇਂ ਕਿਸਨੂੰ ਸ਼ਾਮਿਲ ਕੀਤਾ ਗਿਆ ਅਤੇ ਕਿਸਨੂੰ ਸ਼ਾਮਿਲ ਨਹੀਂ ਕੀਤਾ ਗਿਆ ਸੀ ।

(a) ਬਸਤੀਵਾਦੀ ਸ਼ਾਸਨ ਨੂੰ ਚਲਾਉਣ ਵਿੱਚ ਅੰਕੜਿਆਂ ਦਾ ਕੀ ਮਹੱਤਵ ਸੀ ? *12*

(b) ਬਸਤੀਵਾਦੀ ਸ਼ਾਸਕਾਂ ਲਈ ਨਕਸ਼ੇ ਕਿਉਂ ਮਹੱਤਵਪੂਰਨ ਸਨ ? *12*

(c) ਬਸਤੀਵਾਦੀ ਰਿਕਾਰਡਾਂ ਦੇ ਮਾਧਿਅਮ ਰਾਹੀਂ ਸ਼ਹਿਰੀਕਰਨ ਦਾ ਅਧਿਐਨ ਕਿਵੇਂ ਕੀਤਾ ਜਾ ਸਕਦਾ ਹੈ ? *12*

(d) ਇਤਿਹਾਸਕਾਰ ਇਹ ਕਿਉਂ ਮੰਨਦੇ ਹਨ ਕਿ ਅੰਕੜੇ ਹਮੇਸ਼ਾ ਸੰਦੇਹਮੁਕਤ ਨਹੀਂ ਹੁੰਦੇ ? *12*

(e) ਬਸਤੀਵਾਦੀ ਸ਼ਾਸਕਾਂ ਦੀ ਕਰ/ਲਗਾਨ ਨੀਤੀ ਕੀ ਸੀ ? *12*

Q3. ਹੇਠ ਲਿਖੇ ਵਾਰਤਕ-ਟੋਟੇ ਦਾ ਸੰਖੇਪ-ਸਾਰ ਲੱਗਭੱਗ ਇਕ-ਤਿਹਾਈ ਸ਼ਬਦਾਂ ਵਿੱਚ ਲਿਖੋ । ਸਿਰਲੇਖ ਦੇਣ ਦੀ ਜ਼ਰੂਰਤ ਨਹੀਂ ਹੈ । ਸੰਖੇਪ-ਸਾਰ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ : 60

ਸਾਧਾਰਨ ਤੌਰ 'ਤੇ 'ਵਿਕਾਸ' ਸ਼ਬਦ ਤੋਂ ਭਾਵ ਕਿਸੇ ਸਮਾਜ ਵਿਸ਼ੇਸ਼ ਦੀ ਸਥਿਤੀ ਅਤੇ ਉਸ ਦੁਆਰਾ ਅਨੁਭਵ ਕੀਤੇ ਗਏ ਪਰਿਵਰਤਨਾਂ ਦੀ ਪ੍ਰਕ੍ਰਿਆ ਤੋਂ ਹੁੰਦਾ ਹੈ । ਮਾਨਵੀ-ਇਤਿਹਾਸ ਦੇ ਲੰਮੇ ਅੰਤਰਾਲ ਵਿੱਚ ਸਮਾਜ ਅਤੇ ਉਸਦੇ ਜੀਵ-ਭੌਤਿਕ ਵਾਤਾਵਰਨ ਦੀਆਂ ਅੰਤਰ-ਕਿਰਿਆਵਾਂ ਉਸ ਸਮਾਜ ਦੀ ਸਥਿਤੀ ਨੂੰ ਨਿਰਧਾਰਤ ਕਰਦੀਆਂ ਹਨ । ਮਨੁੱਖ ਅਤੇ ਉਸਦੇ ਵਾਤਾਵਰਨ ਦੀ ਅੰਤਰ-ਕਿਰਿਆ ਦੀ ਪ੍ਰਕਿਰਿਆ ਇਸ ਗੱਲ ਉੱਪਰ ਨਿਰਭਰ ਕਰਦੀ ਹੈ ਕਿ ਉਸ ਸਮਾਜ ਨੇ ਕਿਸ ਤਰ੍ਹਾਂ ਦੀ ਤਕਨੀਕ ਵਿਕਸਤ ਕੀਤੀ ਹੈ ਅਤੇ ਕਿਸ ਤਰ੍ਹਾਂ ਦੀਆਂ ਸੰਸਥਾਵਾਂ ਦਾ ਨਿਰਮਾਣ ਕੀਤਾ ਹੈ । ਤਕਨੀਕ ਅਤੇ ਸੰਸਥਾਵਾਂ ਨੇ ਮਾਨਵ-ਵਾਤਾਵਰਨ ਅੰਤਰ-ਕਿਰਿਆ ਨੂੰ ਗਤੀ ਪ੍ਰਦਾਨ ਕੀਤੀ ਹੈ ਅਤੇ ਇਸ ਤੋਂ ਪੈਦਾ ਹੋਏ ਸੰਵੇਗ ਨੇ ਤਕਨੀਕ ਦਾ ਪੱਧਰ ਉੱਚਾ ਕੀਤਾ ਹੈ ਅਤੇ ਅਨੇਕ ਸੰਸਥਾਵਾਂ ਦਾ ਨਿਰਮਾਣ ਅਤੇ ਰੂਪਾਂਤਰਣ ਕੀਤਾ ਹੈ । ਇਸ ਤਰ੍ਹਾਂ ਵਿਕਾਸ ਇੱਕ ਬਹੁ-ਆਯਾਮੀ ਸੰਕਲਪਨਾ ਹੈ ਜੋ ਅਰਥ-ਵਿਵਸਥਾ, ਸਮਾਜ ਅਤੇ ਵਾਤਾਵਰਨ ਵਿੱਚ ਸਕਾਰਾਤਮਕ ਤੇ ਅਬਦਲ ਪਰਿਵਰਤਨ ਦਾ ਸੂਚਕ ਹੈ ।

ਵਿਕਾਸ ਦੀ ਸੰਕਲਪਨਾ ਗਤੀਸ਼ੀਲ ਹੈ ਅਤੇ ਇਸ ਸੰਕਲਪਨਾ ਦਾ ਉਦੈ 20ਵੀਂ ਸ਼ਤਾਬਦੀ ਦੇ ਪਿਛਲੇ ਅੱਧ ਵਿੱਚ ਹੋਇਆ । ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵਿਕਾਸ ਦੀ ਸੰਕਲਪਨਾ ਆਰਥਿਕ ਵਾਧੇ ਦੀ ਸਮਾਨਾਰਥੀ ਸੀ, ਜਿਸਨੂੰ ਸਮੁੱਚੇ ਰਾਸ਼ਟਰੀ ਉਤਪਾਦਨ, ਪ੍ਰਤਿ-ਵਿਅਕਤੀ ਆਮਦਨ ਅਤੇ ਪ੍ਰਤਿ-ਵਿਅਕਤੀ ਉਪਭੋਗ ਵਿੱਚ ਸਮੇਂ ਦੇ ਨਾਲ ਹੋਏ ਵਾਧੇ ਦੇ ਰੂਪ ਵਿੱਚ ਆਂਕਿਆ ਜਾਂਦਾ ਹੈ । ਪ੍ਰੰਤੂ ਜਿਆਦਾ ਆਰਥਿਕ ਪੱਖੋ ਵਿਕਸਤ ਦੇਸ਼ਾਂ ਵਿੱਚ ਵੀ ਅਸਾਵੀਂ ਵੰਡ ਦੇ ਕਾਰਨ, ਗ਼ਰੀਬੀ ਦਾ ਪੱਧਰ ਬਹੁਤ ਤੇਜ਼ੀ ਨਾਲ ਵਧਿਆ ਹੈ । ਫਲਸਰੂਪ, 1970 ਦੇ ਦਹਾਕੇ ਵਿੱਚ 'ਪੁਨਰ-ਵੰਡ ਦੇ ਨਾਲ ਵਾਧਾ' ਅਤੇ 'ਵਾਧਾ ਅਤੇ ਸਮਾਨਤਾ' ਵਰਗੇ ਵਾਕਾਂਸ਼ ਵਿਕਾਸ ਦੀ ਪਰਿਭਾਸ਼ਾ ਵਿੱਚ ਸ਼ਾਮਲ ਕੀਤੇ ਗਏ । ਪੁਨਰ-ਵੰਡ ਅਤੇ ਸਮਾਨਤਾ ਦੇ ਪ੍ਰਸ਼ਨਾਂ ਨਾਲ ਨਿਪਟਦੇ ਹੋਏ ਇਹ ਅਨੁਭਵ ਹੋਇਆ ਕਿ ਵਿਕਾਸ ਦੀ ਸੰਕਲਪਨਾ ਨੂੰ ਸਿਰਫ਼ ਆਰਥਿਕ ਖ਼ੇਤਰ ਤੱਕ ਹੀ ਸੀਮਿਤ ਨਹੀਂ ਰਖਿਆ ਜਾ ਸਕਦਾ । ਇਸ ਵਿੱਚ ਲੋਕਾਂ ਦੇ ਕਲਿਆਣ ਤੇ ਰਹਿਣ ਦੇ ਪੱਧਰ, ਜਨਤਕ ਸਿਹਤ, ਸਿੱਖਿਆ, ਸਮਾਨ ਅਵਸਰ ਅਤੇ ਰਾਜਨੀਤਿਕ ਤੇ ਨਾਗਰਿਕ ਅਧਿਕਾਰਾਂ ਨਾਲ ਸਬੰਧਿਤ ਮੁੱਦੇ ਵੀ ਸ਼ਾਮਿਲ ਹਨ । 1980 ਦੇ ਦਹਾਕੇ ਤੱਕ ਵਿਕਾਸ ਇੱਕ ਬਹੁ-ਆਯਾਮੀ ਸੰਕਲਪਨਾ ਦੇ ਰੂਪ ਵਿੱਚ ਉੱਭਰਿਆ, ਜਿਸ ਵਿੱਚ ਸਮਾਜ ਦੇ ਸਾਰੇ ਲੋਕਾਂ ਲਈ ਵੱਡੇ ਪੱਧਰ 'ਤੇ ਸਮਾਜਿਕ ਤੇ ਭੌਤਿਕ ਕਲਿਆਣ ਦਾ ਸਮਾਵੇਸ਼ ਹੈ ।

1960 ਦੇ ਦਹਾਕੇ ਦੇ ਅੰਤ ਵਿੱਚ ਪੱਛਮੀ ਦੁਨੀਆਂ ਵਿੱਚ ਵਾਤਾਵਰਨ ਸਬੰਧੀ ਮੁੱਦਿਆਂ ਪ੍ਰਤੀ ਵੱਧ ਰਹੀ ਜਾਗਰੂਕਤਾ ਦੀ ਆਮ ਵਾਧਾ ਦੇ ਕਾਰਨ, ਦੀਰਘਕਾਲੀਨ ਵਿਕਾਸ ਦੀ ਧਾਰਨਾ ਦਾ ਜਨਮ ਹੋਇਆ । ਇਸ ਨਾਲ ਉਦਯੋਗਿਕ-ਵਿਕਾਸ ਕਾਰਨ ਵਾਤਾਵਰਨ ਉੱਪਰ ਪੈਣ ਵਾਲੇ ਭੈੜੇ ਪ੍ਰਭਾਵਾਂ ਦੇ ਵਿਸ਼ੇ ਉੱਤੇ, ਲੋਕਾਂ ਦੁਆਰਾ ਚਿੰਤਾ ਪ੍ਰਗਤ ਕੀਤੀ ਜਾਣ ਲੱਗੀ ।

ਵਾਤਾਵਰਨ ਨਾਲ ਸਬੰਧਿਤ ਮੁੱਦਿਆਂ ਉੱਪਰ ਵਿਸ਼ਵ ਸਮੁਦਾਇ ਦੀ ਵੱਧ ਰਹੀ ਚਿੰਤਾ ਨੂੰ ਧਿਆਨ ਵਿੱਚ ਰੱਖਦਿਆਂ ਸੰਯੁਕਤ ਰਾਸ਼ਟਰ ਸੰਘ ਨੇ 'ਵਿਸ਼ਵ ਵਾਤਾਵਰਨ ਅਤੇ ਵਿਕਾਸ ਆਯੋਗ' (World Commission on Environment and Development) ਦੀ ਸਥਾਪਨਾ ਕੀਤੀ, ਜਿਸਦੀ ਮੁੱਖੀ ਨਾਰਵੇ ਦੀ ਪ੍ਰਧਾਨ-ਮੰਤਰੀ ਗਰੋ ਹਰਲੇਮ ਬ੍ਰੂੰਟਲੈਂਡ (Gro Harlem Brundtland) ਸੀ । ਇਸ ਆਯੋਗ ਨੇ ਆਪਣੀ ਰਿਪੋਰਟ 'ਅਵਰ ਕਾਮਨ ਫਿਊਚਰ' (ਜਿਸਨੂੰ ਬ੍ਰੂੰਟਲੈਂਡ ਰਿਪੋਰਟ ਵੀ ਕਹਿੰਦੇ ਹਨ) 1987 ਵਿੱਚ ਪੇਸ਼ ਕੀਤੀ । 'ਵਿਸ਼ਵ ਵਾਤਾਵਰਨ ਅਤੇ ਵਿਕਾਸ ਆਯੋਗ' ਨੇ ਦੀਰਘਕਾਲੀਨ ਵਿਕਾਸ ਦੀ ਸਿੱਧੀ, ਸਰਲ ਅਤੇ ਵਿਆਪਕ ਪਰਿਭਾਸ਼ਾ ਪੇਸ਼ ਕੀਤੀ । ਇਸ ਰਿਪੋਰਟ ਦੇ ਅਨੁਸਾਰ ਦੀਰਘਕਾਲੀਨ ਵਿਕਾਸ ਦਾ ਅਰਥ ਹੈ — 'ਇੱਕ ਇਸ ਤਰ੍ਹਾਂ ਦਾ ਵਿਕਾਸ, ਜੋ ਭਵਿੱਖ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਜ਼ਰੂਰਤਾਂ ਦੀ ਪੂਰਤੀ ਨੂੰ ਪ੍ਰਭਾਵਿਤ ਕੀਤੇ ਬਿਨਾਂ, ਵਰਤਮਾਨ ਪੀੜ੍ਹੀ ਦੁਆਰਾ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਰਨਾ ।' (485 ਸ਼ਬਦ)

**Q4. ਹੇਠ ਲਿਖੇ ਵਾਰਤਕ-ਟੋਟੇ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ :** ***20***

ਪ੍ਰੇਮਚੰਦ ਨੇ ਕਿਹਾ ਸੀ ਕਿ ਕਹਾਣੀਆਂ ਤਾਂ ਚਾਰੋਂ ਤਰਫ਼ ਹਵਾ ਵਿੱਚ ਖਿੱਲਰੀਆਂ ਪਈਆਂ ਹਨ, ਸੁਆਲ ਉਹਨਾਂ ਨੂੰ ਪਕੜਨ ਦਾ ਹੈ । ਅਜਿਹਾ ਇਸ ਲਈ ਹੈ ਕਿ ਹਰ ਇਨਸਾਨ ਅਤੇ ਹਰ ਵਸਤੂ ਦਾ ਆਪਣਾ-ਆਪਣਾ ਜੀਵਨ ਹੁੰਦਾ ਹੈ, ਬਾਕੀ ਸਭ ਤੋਂ ਅੱਲਗ । ਉਸਦਾ ਇਕ ਆਰੰਭ, ਵਿਕਾਸ ਅਤੇ ਫਿਰ ਅੰਤ ਵੀ ਹੁੰਦਾ ਹੈ । ਹਰ ਇੱਕ ਦੀ ਕੋਈ ਨ ਕੋਈ ਕਹਾਣੀ ਹੁੰਦੀ ਹੈ । ਜਿਸ ਤਰ੍ਹਾਂ ਇੱਕ ਇਨਸਾਨ ਦੂਸਰੇ ਇਨਸਾਨ ਨਾਲ ਹੂ-ਬ-ਹੂ ਨਹੀਂ ਮਿਲਦਾ, ਉਸੇ ਤਰ੍ਹਾਂ ਉਸਦੀ ਆਪਣੀ ਜੀਵਨ-ਕਥਾ ਵੀ ਦੂਸਰੇ ਨਾਲ ਮੇਲ ਨਹੀਂ ਖਾਂਦੀ ।

ਅਜਿਹਾ ਕੋਈ ਵੀ ਇਨਸਾਨ ਨਹੀਂ ਜਿਹੜਾ ਆਪਣੀ ਕਥਾ ਨਾ ਲਿਖ ਸਕੇ । ਮੇਰੀ ਆਤਮਕਥਾ, ਮੇਰੇ ਜੀਵਨ ਦੀ ਕਥਾ ਹੈ । ਇਹ ਸਿਰਫ਼ ਮੇਰੀ ਕਥਾ ਹੈ । ਜਿੱਥੋਂ ਤੱਕ ਮੇਰਾ ਜੀਵਨ ਦੂਜਿਆਂ ਦੇ ਜੀਵਨ ਨੂੰ ਛੂੰਹਦਾ ਹੈ, ਉੱਥੋਂ ਤੱਕ ਉਹ ਦੂਜਿਆਂ ਦੀ ਵੀ ਕਥਾ ਹੈ । ਜਿੱਥੋਂ ਤੱਕ ਮੇਰਾ ਜੀਵਨ ਇੱਕ ਕਾਲ, ਸਮਾਜ ਜਾਂ ਸਮੂਹ ਦਾ ਪ੍ਰਤਿਨਿਧੀ ਜੀਵਨ ਹੁੰਦਾ ਹੈ, ਉੱਥੋਂ ਤੱਕ ਉਹ ਸਭ ਦੇ ਜੀਵਨ ਦੀ ਕਥਾ ਬਣ ਜਾਂਦੀ ਹੈ । ਹਰ ਇਨਸਾਨ ਦਾ ਜੀਵਨ-ਕਥਾ ਬਣਨ ਦੇ ਯੋਗ ਹੈ ।

ਤੁਸੀਂ ਕਲਮ ਹੱਥ ਵਿੱਚ ਲੈਂਦੇ ਹੋ ਅਤੇ ਕਾਗਜ਼ ਉੱਪਰ ਕੁਝ ਲਿਖਣ ਲੱਗਦੇ ਹੋ । ਸਭ ਤੋਂ ਚੰਗਾ ਹੈ ਕਿ ਆਪਣੇ ਹੀ ਜੀਵਨ ਤੋਂ ਲਿਖਣਾ ਸ਼ੁਰੂ ਕੀਤਾ ਜਾਏ । ਆਪਣੇ ਬਾਰੇ, ਬਚਪਨ ਤੋਂ ਲੈ ਕੇ ਹੁਣ ਤੱਕ ਜੋ-ਜੋ ਹੋਇਆ, ਉਹ ਸਾਰਾ ਕੁਝ । ਇਹੀ ਤਾਂ ਆਤਮ-ਕਥਾ ਹੈ । ਆਤਮ-ਕਥਾ ਦੀ ਮੁੱਢਲੀ ਸ਼ਰਤ ਹੈ, ਸਾਫ਼-ਸਾਫ਼ ਅਤੇ ਸੱਚ-ਸੱਚ ਕਹਿਣਾ ।

ਇਸ ਲਈ ਵੀ ਅਭਿਆਸ ਜ਼ਰੂਰੀ ਹੈ । ਨੈਤਿਕ ਸਾਹਸ ਜ਼ਰੂਰੀ ਹੈ । ਜੇਕਰ ਪੂਰੀ ਆਤਮ-ਕਥਾ ਨਾ ਵੀ ਲਿਖੀ ਜਾਵੇ ਤਾਂ ਸੰਸਮਰਣ ਜਾਂ ਡਾਇਰੀ ਲਿਖੀ ਜਾ ਸਕਦੀ ਹੈ । ਕਈ ਦਿਨਾਂ-ਵਰ੍ਹਿਆਂ ਦੀ ਡਾਇਰੀ ਆਤਮ-ਕਥਾ ਬਣ ਜਾਂਦੀ ਹੈ ।

**Q5. ਹੇਠ ਲਿਖੇ ਵਾਰਤਕ-ਟੋਟੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ :** *20*

Socrates was one of the celebrated Greek thinkers who became very influential in the development of Greek philosophy in particular and Western philosophy in general.

Socrates tried to bring radical changes in the society. But his attempts in the social field were not accepted and appreciated by the authorities. But convinced of his principles Socrates continued his efforts. The authorities considered him as a threat to their existence and as a result he was arrested and sent to prison. Later, he was given capital punishment because he was frank and outspoken. When he received the news of the death penalty he was not at all shaken.

It confused all the officials and even Socrates' own disciples because they had never seen a person accepting the news of his death penalty with a smiling face. When asked why so, he replied, "I have been preparing for death all my life. I have never done anything wrong to any man. That is why I am able to accept even death with a smiling face."

In his use of critical reasoning, by his unwavering commitment to truth and through the vivid example of his own life, Socrates set the standard for all subsequent Western philosophy.

Q6. (a) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : *1×10=10*

(i) ਗਯਾਨ *1*

(ii) ਲ੍ਹੀਵਰ *1*

(iii) ਪੱਤਨ *1*

(iv) ਸ਼ੈਦ *1*

(v) ਕੰਗਾ *1*

(vi) ਵਿਸੇਸਨ *1*

(vii) ਨਿਰਭੌ *1*

(viii) ਵਿਦਆਰਥੀ *1*

(ix) ਖਵਾਜਾ *1*

(x) ਕੁਚਜੀ *1*

(b) ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਦੇ ਅਰਥ ਦੱਸ ਕੇ, ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ : *2×5=10*

(i) ਡਕਾਰ ਜਾਣਾ *2*

(ii) ਈਦ ਪਿੱਛੋਂ ਤੰਬਾ ਫੂਕਣਾ *2*

(iii) ਧੌਲਿਆਂ ਦੀ ਲਾਜ ਰੱਖਣੀ *2*

(iv) ਹੋਛੀ ਰੰਨ ਦੀ ਨੱਥ, ਕਦੀ ਨੱਕ ਤੇ ਕਦੀ ਹੱਥ *2*

(v) ਖ਼ੂਨ ਖੌਲਣਾ *2*

**(c)** **ਹੇਠ ਲਿਖੇ ਅਗੇਤਰ-ਪਿਛੇਤਰ ਲਗਾ ਕੇ ਸ਼ਬਦ ਬਣਾਉ :** *1×10=10*

(i) ਸਹਿ *1*

(ii) ਬਹੁ *1*

(iii) ਆਵਟ *1*

(iv) ਹਮ *1*

(v) ਤ੍ਰੈ *1*

(vi) ਹੀਣ *1*

(vii) ਕਾਰ *1*

(viii) ਦੁਰ *1*

(ix) ਐਲ *1*

(x) ਮਈ *1*

**(d)** **ਹੇਠ ਲਿਖੇ ਵਾਕਾਂ ਦੀ ਥਾਂ 'ਤੇ ਇੱਕ-ਇੱਕ ਸ਼ਬਦ ਦੀ ਵਰਤੋਂ ਕਰੋ :** *1×10=10*

(i) ਪਾਣੀ ਵਿੱਚ ਰਹਿਣ ਵਾਲਾ ਜੀਵ *1*

(ii) ਇੱਕ ਥਾਂ ਤੋਂ ਦੂਜੀ ਥਾਂ 'ਤੇ ਘੁੰਮਣ ਵਾਲੇ ਲੋਕ *1*

(iii) ਜਦੋਂ ਰਾਜ-ਤਾਕਤ ਸਰਕਾਰੀ ਨੌਕਰਾਂ ਦੇ ਹੱਥ ਵਿੱਚ ਹੋਵੇ *1*

(iv) ਜੋ ਫ਼ਸਲ ਸਮੇਂ ਤੋਂ ਪਹਿਲਾਂ ਬੀਜੀ ਜਾਵੇ *1*

(v) ਦੂਜਿਆਂ ਦਾ ਉਪਕਾਰ ਕਰਨ ਵਾਲਾ *1*

(vi) ਸਾਰਿਆਂ ਦੀ ਸਾਂਝੀ ਮਿਲਵੀਂ ਰਾਇ *1*

(vii) ਜਿਹੜਾ ਨੱਕ ਵਿੱਚ ਬੋਲੇ *1*

(viii) ਆਪਣੀ ਮਰਜ਼ੀ ਕਰਨ ਵਾਲਾ *1*

(ix) ਜਿਹੜਾ ਗੁਣ/ਔਗੁਣ ਜਨਮ ਤੋਂ ਹੋਵੇ *1*

(x) ਉਹ ਆਦਮੀ, ਜੋ ਦੁਨੀਆਂ ਨਾਲੋਂ ਸਬੰਧ ਤੋੜ ਲਵੇ *1*